ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦ:ਮੁੱਖ/ਪ੍ਰਬੰਧਕੀ ਤੇ ਆਈ ਆਰ ਉਦਯੋਗਿਕ ਸੰਪਰਕ ਸ਼ਾਖਾ, ਪਟਿਆਲਾ)

ਵੱਲ

1) ਸਮੂਹ ਜਨਰਲ ਮੈਨੇਜਰ,ਇੰਜੀ:ਇਨ ਚੀਫ, ਮੁੱਖ ਇੰਜੀ: ਅਧੀਨ ਪੰ:ਰਾ:ਪਾ:ਕਾ: ਲਿਮਟਿਡ।
2) ਸਮੂਹ ਇੰਜੀ:ਇਨ ਚੀਫ, ਮੁੱਖ ਇੰਜੀ: ਅਧੀਨ ਪੰ:ਰਾ:ਟ:ਕਾ:ਲਿਮਟਿਡ।
3) ਸਮੂਹ ਉਪ ਮੁੱਖ ਇੰਜੀ:/ਨਿਗਰਾਨ ਇੰਜੀ:/ਵਧੀਕ ਨਿਗਰਾਨ ਇੰਜੀ:/ਸੀਨੀ:ਕਾ:ਕਾ:ਇੰਜੀ:/ ਸਹਾ:ਕਾ: ਕਾ:ਇੰਜੀ:/ ਅਧੀਨ ਪੰ:ਰਾ:ਪਾ:ਕਾ:ਲਿ:/ਪੰ:ਰਾ:ਟ:ਕਾ:ਲਿ:।

ਮੀਮੋ ਨੰ: 143834/145034/ਆਈ.ਆਰ. ਡੀ.- 9369
ਮਿਤੀ: 8/11/2011

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰ: 426 ਆਫ 2010-ਅਲਕਾ ਖੰਨਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 27.5.2011 ਦੀ ਪਾਲਣਾ ਹਿੱਤ ਯੋਗ ਪਾਲਿਸੀ ਫੈਸਲਾ (appropriate policy decision) ਲੈਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ ਵਿੱਤ ਵਿਭਾਗ ਦੇ ਡਾਇਰੈਕਟਰ ਆਫ ਡਿਸਇਨਵੈਸਟਮੈਂਟ ਚੰਡੀਗੜ੍ਹ ਦਾ ਮੀਮੋ ਨੰ: 1/151/07/11-ਵਿ.ਵਿ.(ਡਿਸ)ਭ.ਅ.-2/5359-5406 ਮਿਤੀ 2.8.11 ਪ੍ਰਾਪਤ ਹੋਇਆ ਹੈ (ਕਾਪੀ ਪਿਛਲੇ ਪੰਨੇ ਤੇ ਹੈ), ਜੋ ਕਿ ਆਪਜੀ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ/ਉਪਰੋਕਤ ਅਨੁਸਾਰ(ਪਿਛਲੇ ਪੰਨੇ ਤੇ)।

ਮੁੱਖ/ਪ੍ਰਬੰਧਕੀ ਤੇ ਆਈ.ਆਰ.,
ਪੰ:ਰਾ:ਪਾ:ਕਾ:ਲਿ:, ਪਟਿਆਲਾ।

ਪਿੱਠਅੰਕਣ ਨੰ : 145035/145163/ ਆਈ.ਆਰ. ਡੀ.-9369, ਮਿਤੀ: 8/11/2011

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:--

1) ਡਾਇਰੈਕਟਰ/ਜਨਰਲ ਵੀ ਤੇ ਐਸ. ਪੰ:ਰਾ:ਪਾ:ਕਾ:ਲਿਮ:, ਪਟਿਆਲਾ।
2) ਵਿੱਤ ਸਲਾਹਕਾਰ/ਵਿੱਤ,ਪਾਵਰਕਾਮ ਅਤੇ ਟਰਾਂਸਕੋ ਮੁੱਖ ਕਾਸਟ ਕੰਟਰੋਲਰ ਅਤੇ ਰਿਫਕਸ਼ਨ, ਪੰ:ਰਾ:ਪਾ:ਕਾ:ਲਿ: ਪਟਿਆਲਾ।
ਮੁੱਖ ਲੇਖਾ ਅਫਸਰ/ਮੁੱਖ ਲੇਖਾ ਅਫਸਰ(ਰੈਵ:)/ਮੁੱਖ ਪੜਤਾਲਕਾਰ,ਪੰ:ਰਾ:ਪਾ:ਕਾ:ਲਿ: ਪਟਿਆਲਾ।
ਮੁੱਖ ਲੇਖਾ ਅਫਸਰ/ਕਾਰਪੋਰੇਟ ਅਕਾਊਂਟਸ, ਪੰ:ਰਾ:ਟ:ਕਾ:ਲਿ:, ਪਟਿਆਲਾ।
3) ਕਾਨੂੰਨੀ ਸਲਾਹਕਾਰ, ਪੰ:ਰਾ:ਪਾ:ਕਾ:ਲਿਮ:ਪਟਿਆਲਾ।
4) ਸੀਨੀ:ਕਾ:ਕਾ: ਇੰਜੀ:/ਕੋਆਰਡੀਨੇਸ਼ਨ, ਪੰ:ਰਾ:ਪਾ:ਕਾ:ਲਿਮ:, ਨਵੀਂ ਦਿੱਲੀ।
5) ਕੰਪਨੀ ਸਕੱਤਰ/ਪੰ:ਰਾ:ਪਾ:ਕਾ:ਲਿ: ਅਤੇ ਪੰ:ਰਾ:ਟ:ਕਾ:ਲਿ:, ਪਟਿਆਲਾ।
5) ਸਮੂਹ ਉਪ ਸਕੱਤਰ/ਸੀਨੀ:ਪੀ.ਐਸ./ਪੀ.ਐਸ. ਟੂ ਡਾਇਰੈਕਟਰਜ਼, ਪੰ:ਰਾ:ਪਾ:ਕਾ: ਲਿ:/ਪੰ:ਰਾ: ਟ: ਕਾ:ਲਿਮਟਿਡ।
9) ਸਮੂਹ ਉਪ ਸਕੱਤਰ/ਅਧੀਨ ਸਕੱਤਰ, ਪਾਵਰਕਾਮ/ਟਰਾਂਸਕੋ।
10)ਸਮੂਹ ਮੁੱਖ ਭਲਾਈ ਅਫਸਰ/ਕਿਰਤ ਭਲਾਈ ਅਫਸਰ/ਸਹਾ: ਕਿਰਤ ਭਲਾਈ ਅਫਸਰ ਪੰ:ਰਾ: ਪਾ: ਲਿਮਟਿਡ/ਪੰ:ਰਾ:ਟ:ਕਾ:ਲਿਮਟਡ।

ਕਿਰਤ ਭਲਾਈ ਅਫਸਰ,
ਪੰ:ਰਾ:ਪਾ:ਕਾ:ਲਿ:, ਪਟਿਆਲਾ।
11.11.11

ਸੀ.ਸੀ.

ਨਿਗਰਾਨ ਇੰਜੀ:/ਆਈ.ਟੀ. ਪਾਵਰਕਾਮ , ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਹਦਾਇਤਾਂ ਨੂੰ ਵੈਬਸਾਈਟ ਤੇ ਪਾਇਆ ਜਾਵੇ ਜੀ।

ਨੰ: 1/151/07/11-ਵਿ.ਵਿ.(ਡਿਸ)ਭ.ਅ.-2/5359-5406 ਪੰਜਾਬ ਸਰਕਾਰ
ਵਿੱਤ ਵਿਭਾਗ ਦੇ ਡਾਇਰੈਕਟਰ ਆਫ ਡਿਸਇਨਵੈਸਟ ਮਿਤੀ 2.8.11

ਸੇਵਾ ਵਿਖੇ

ਸਮੂਹ ਲੋਕ ਖੇਤਰੀ ਅਦਾਰੇ/ਸਿਖਰ ਸਹਿਕਾਰੀ ਸੰਸਥਾਵਾਂ ਦੇ
ਮੈਨੇਜਿੰਗ ਡਾਇਰੈਕਟਰ/ਮੁੱਖ ਕਾਰਜਕਾਰੀ ਅਫਸਰ।

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰ: 426 ਆਫ 2010-ਅਲਕਾ ਖੰਨਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 27.5.2011 ਦੀ ਪਾਲਣਾ ਹਿੱਤ ਯੋਗ ਪਾਲਿਸੀ ਫੈਸਲਾ **(appropriate policy decision)** ਲੈਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਪੰਜਾਬ ਯਾਤਰਾ ਵਿਕਾਸ ਨਿਗਮ ਦੇ ਛਾਂਟੀ ਕੀਤੇ ਗਏ ਕਰਮਚਾਰੀਆਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 426 ਆਫ 2010-ਅਲਕਾ ਖੰਨਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਦਾਇਰ ਕੀਤੀ ਗਈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਆਪਣੇ ਹੁਕਮ ਮਿਤੀ 11.02.2011 ਵਿੱਚ ਪੰਜਾਬ ਯਤਾਰਾ ਵਿਕਾਸ ਨਿਗਮ ਦੇ ਛਾਂਟੀ ਕੀਤੇ ਕਰਮਚਾਰੀਆਂ ਨੂੰ ਅਬਜਾਰਬ ਕਰਨ ਬਾਰੇ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਸਨ:-

> "Having heard learned counsel for the parties at some length, prima facie, there appears to be some substance in the allegations that the employees of the Tourism Corporation have been retrenched on account of the losses suffered due to complete mismanagement and misuse of the 'tourist resorts' by the high-ups of the State Administration. No effort is being made to absorb/adjust the retrenched employees against the available vacancies in the other Boards/Corporations/ Government Departments though the senior officers are stil enjoying all the perks and privileges notwithstanding the alleged losses suffered by the Corporation.
>
> Before any directions are issued for absorption of affected employees, it appears desirable to give one more opportunity to the respondents to take an appropriate policy decision taking a holistic view of the matter."

3. ਛਾਂਟੀ ਕੀਤੇ ਗਏ ਕਰਮਚਾਰੀਆਂ ਦੇ ਕੇਸ ਇੰਡਸਟਰਿਅਲ ਡਿਸਪਿਊਟ ਐਕਟ, 1947 ਦੇ ਸੈਕਸ਼ਨ 25 ਐਚ ਅਧੀਨ ਕਵਰ ਹੁੰਦੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹੈ:-

> "Where any workmen are retrenched, and the employer proposes to take into his employ any persons he shall, in such manner as may be prescribed, give an opportunity to the retrenched workmen who are citizens of India to offer themselves for re-employment, and such retrenched workman who offer themselves for re-employment shall have preference over other persons."

ਹਾਲਾਂਕਿ ਇਹ ਉਪਬੰਧ ਪੰਜਾਬ ਸਰਕਾਰ ਤੇ ਲਾਗੂ ਨਹੀਂ ਹੁੰਦਾ ਹੈ ਕਿਉਂਕਿ ਇਹ ਛਾਂਟੀ ਕੀਤੇ ਲੋਕ ਖੇਤਰੀ ਅਦਾਰਿਆਂ ਦੇ ਕਰਮਚਾਰੀਆਂ ਦਾ ਇੰਪਲਾਇਰ ਨਹੀਂ ਸੀ। ਪ੍ਰੰਤੂ ਪੰਜਾਬ ਸਰਕਾਰ ਪਾਸ ਇਹਨਾਂ ਛਾਂਟੀ ਕੀਤੇ ਗਏ ਕਰਮਚਾਰੀਆਂ ਨੂੰ ਅਬਜਾਰਬ ਕਰਨ ਬਾਰੇ ਪਾਲਿਸੀ ਫੈਸਲਾ ਲੈਣ **(appropriate policy decision)** ਬਾਰੇ ਮਾਮਲਾ ਵਿਚਾਰ ਅਧੀਨ ਸੀ।

4. ਇਸ ਲਈ ਪੰਜਾਬ ਸਰਕਾਰ ਨੇ ਇਹ ਫੈਸਲਾ ਲਿਆ ਹੈ ਕਿ ਪੰਜਾਬ ਸਰਕਾਰ ਦੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਤੇ ਛਾਂਟੀ ਕੀਤੇ ਓਵਰਏਜ ਕਰਮਚਾਰੀਆਂ ਨੂੰ ਸਰਕਾਰੀ ਵਿਭਾਗਾਂ/ਲੋਕ ਖੇਤਰੀ ਅਦਾਰਿਆਂ ਵੱਲੋਂ ਆਪਣੀਆਂ ਖਾਲੀ ਅਸਾਮੀਆਂ ਵਿਰੁੱਧ ਭਵਿੱਖ ਵਿੱਚ ਕੀਤੀ ਜਾਣ ਵਾਲੀ ਭਰਤੀ ਲਈ ਵੱਧ ਤੋਂ ਵੱਧ 48 ਸਾਲ ਦੀ ਉਮਰ ਤੱਕ ਛੋਟ ਦਿੱਤੀ ਜਾਵੇ। ਭਰਤੀ ਲਈ 48 ਸਾਲ ਦੀ ਉਮਰ ਇਸ ਤੱਥ ਨੂੰ ਧਿਆਨ ਵਿੱਚ ਰੱਖਕੇ ਕਰਨ ਦਾ ਫੈਸਲਾ ਲਿਆ ਗਿਆ ਹੈ ਕਿ ਕਰਮਚਾਰੀ ਮੁੜ-ਸੇਵਾ ਵਿੱਚ ਆਉਣ ਤੇ ਅਦਾਰੇ ਵਿੱਚ ਘੱਟੋ ਘੱਟ 10 ਸਾਲ ਦੀ ਸੇਵਾ ਕਰੇ। ਇਹਨਾਂ ਕਰਮਚਾਰੀਆਂ ਨੂੰ ਮੁੜ-ਸੇਵਾ ਤੇ ਆਉਣ ਤੇ ਕੋਈ ਹੋਰ ਲਾਭ ਜਿਵੇਂ ਕਿ ਸੀਨੀਅਰਤਾ, ਪੇ ਫਿਕਸੇਸ਼ਨ, ਸੇਵਾ ਨਵਿਰਤੀ ਦੇ ਲਾਭਾਂ ਲਈ ਪਿਛਲੀ ਸੇਵਾ ਗਿਣਨ ਦਾ ਲਾਭ ਆਦਿ ਦੇ ਹੱਕਦਾਰ ਨਹੀਂ ਹੋਣਗੇ। ਇਹਨਾਂ ਕਰਮਚਾਰੀਆਂ ਨੂੰ ਨਵੇਂ ਰੰਗਰੂਟ ਮੰਨਿਆ ਜਾਵੇਗਾ ਅਤੇ ਇਹਨਾਂ ਨੂੰ ਭਰਤੀ ਦੀ ਵੱਧ ਤੋਂ ਵੱਧ ਉਮਰ ਵਿੱਚ ਛੋਟ ਤੋਂ ਇਲਾਵਾ ਹੋਰ ਕੋਈ ਲਾਭ ਨਹੀਂ ਦਿੱਤਾ ਜਾਵੇਗਾ। ਇਹਨਾਂ ਕਰਮਚਾਰੀਆਂ ਨੂੰ ਨਵੀਂ ਭਰਤੀ ਲਈ ਵਿਚਾਰ ਕੀਤੇ ਜਾਣ ਦਾ ਹੱਕ ਕੇਵਲ ਇਸ ਸ਼ਰਤ ਤੇ ਹੋਵੇਗਾ ਕਿ ਉਹ ਲੋੜੀਂਦੀ ਯੋਗਤਾਵਾਂ ਅਤੇ ਹੋਰ ਜਰੂਰਤਾਂ ਪੂਰੀਆਂ ਕਰਦੇ ਹੋਣ। ਪ੍ਰੰਤੂ, ਇਹ ਪਾਲਿਸੀ ਉਹਨਾਂ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗੀ ਜਿਹਨਾਂ ਨੇ ਸਵੈ-ਇੱਛਕ ਰਿਟਾਇਰਮੈਂਟ ਲਈ ਹੋਈ ਹੈ ਅਤੇ ਰਲੀਵ ਹੋ ਚੁੱਕੇ ਹਨ।

5. ਇਹ ਮੰਤਰੀ ਮੰਡਲ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

-ਸਹੀ-
ਡਾਇਰੈਕਟਰ